नामांक Roll No.

Sl.No. :

| | | | | | | |
|---|---|---|---|---|---|---|
| | | | | | | |

No. of Questions – 12
No. of Printed Pages – 07

**SS-25-Punjabi Sah.**

## उच्च माध्यमिक परीक्षा, 2018

# SENIOR SECONDARY EXAMINATION, 2018

## PUNJABI SAHITYA

**Time : 3 1/4 Hours**
**Maximum Marks : 80**

## ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ-ਪੱਤਰ ’ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੋ

2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ ’ਤੇ ਹੀ ਲਿਖੋ ।

4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਗ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇਕ ਥਾਂ ’ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

Tear here

ਪ੍ਰਸ਼ਨ ਪਤ੍ਰ ਕੋ ਖੋਲਨੇ ਕੇ ਲਿਏ ਯਹਾਁ ਫਾੜੇਂ
TEAR HERE TO OPEN THE QUESTION PAPER

यहाँ से काटिए

1) ਅੰਮ੍ਰਿਤਾ ਪ੍ਰੀਤਮ ਪੰਜਾਬੀ ਦੇ ਕੁਝ ਕੁ ਉਹਨਾਂ ਸ਼੍ਰੋਮਣੀ ਕਵੀਆਂ ਵਿੱਚੋਂ ਹੈ, ਜਿਨ੍ਹਾਂ ਦੀ ਰਚਨਾ ਨੇ ਪੰਜਾਬੀ ਸਾਹਿਤ ਦੇ ਗੌਰਵ ਵਿੱਚ ਬੇਅੰਤ ਵਾਧਾ ਕੀਤਾ ਹੈ । ਪ੍ਰਿੰਸੀਪਲ ਤੇਜਾ ਸਿੰਘ ਨੇ ਉਸ ਨੂੰ 'ਪੰਜਾਬ ਦੀ ਆਵਾਜ਼' ਕਹਿ ਕੇ ਸਤਿਕਾਰਿਆ ਹੈ । ਸੱਚ-ਮੁੱਚ ਹੀ ਉਹ ਪੰਜਾਬ ਦੇ ਇੱਕ ਵਡੇਰੇ ਭਾਗ, ਖ਼ਾਸ ਕਰ ਕੇ ਇਸਤਰੀ-ਮਨ ਦੇ ਜਜ਼ਬਿਆਂ, ਉਹਨਾਂ ਦੀਆਂ ਪੀੜਾਂ ਤੇ ਉਸ ਦੇ ਕਸ਼ਟਾਂ ਦੀ ਤਰਜ਼ਮਾਨ ਹੈ । ਜਿਸ ਦਰਦ ਨਾਲ ਉਸ ਨੇ ਮਨੁੱਖ ਦੀਆਂ ਪੀੜਾਂ, ਕੀ ਨਿੱਜੀ ਤੇ ਕੀ ਸਮੂਹਕ, ਨੂੰ ਬਿਆਨਿਆ ਹੈ, ਹੋਰ ਕਿਸੇ ਪੰਜਾਬੀ ਕਵੀ ਦੇ ਹਿੱਸੇ ਨਹੀਂ ਆਇਆ । ਉਸ ਦੇ ਬੋਲਾਂ ਵਿੱਚ ਆਖਰਾਂ ਦੀ ਖਿੱਚ ਹੈ , ਉਸ ਦੇ ਰੁਦਨ ਵਿੱਚ ਕਹਿਰਾਂ ਦੀ ਧੂਹ ।

(ੳ) ਉਪਰੋਕਤ ਪੈਰ੍ਹੇ ਦਾ ਸਿਰਲੇਖ ਲਿਖੋ ।

(ਅ) ਪ੍ਰਿੰਸੀਪਲ ਤੇਜਾ ਸਿੰਘ ਨੇ ਅੰਮ੍ਰਿਤਾ ਪ੍ਰੀਤਮ ਨੂੰ ਕੀ ਕਹਿ ਕੇ ਸਤਿਕਾਰਿਆ ਹੈ ?

(ੲ) ਅੰਮ੍ਰਿਤਾ ਪ੍ਰੀਤਮ ਦੀਆਂ ਰਚਨਾਵਾਂ ਦਾ ਪ੍ਰਮੁੱਖ ਵਿਸ਼ਾ ਕੀ ਹੈ ?

(ਸ) ਅੰਮ੍ਰਿਤਾ ਪ੍ਰੀਤਮ ਦੇ ਬੋਲਾਂ ਦੀ ਸੁਰ ਕਿਹੋ ਜਿਹੀ ਹੈ ?

(ਹ) ਪੈਰ੍ਹੇ ਵਿੱਚ ਆਏ ਹੇਠ ਲਿਖੇ ਔਖੇ ਸ਼ਬਦਾਂ ਦੇ ਅਰਥ ਲਿਖੇ -

ਸ਼੍ਰੋਮਣੀ, ਕਸ਼ਟਾਂ, ਖਿੱਚ, ਕਹਿਰਾਂ

**[5 x 2 = 10]**

2) ਹੇਠ ਲਿਖੇ ਕਵੀਆਂ ਵਿੱਚੋਂ ਕਿਸੇ ਇੱਕ ਕਵੀ ਦੇ ਜੀਵਨ ਅਤੇ ਰਚਨਾ ਉੱਪਰ ਨਿਬੰਧ ਲਿਖੋ :- **[8]**

(ੳ) ਪ੍ਰੋ: ਪੂਰਨ ਸਿੰਘ

(ਅ) ਪ੍ਰੋ: ਮੋਹਨ ਸਿੰਘ

(ੲ) ਸੁਰਜੀਤ ਪਾਤਰ

(ਸ) ਡਾ: ਜਗਤਾਰ

3) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਪਰ ਕਹਾਣੀ-ਰਚਨਾ ਕਰੋ :- [4]

(ੳ) ਬੁਰੀ ਸੰਗਤ

(ਅ) ਈਮਾਨਦਾਰ ਲੱਕੜਹਾਰਾ

(ੲ) ਪਿਆਸਾ ਕਾਂ

(ਸ) ਏਕਤਾ ਵਿੱਚ ਬਲ ਹੈ

4) ਕਿਸੇ ਇੱਕ ਸਾਹਿਤ ਰੂਪ ਦਾ ਅਰਥ, ਪਰਿਭਾਸ਼ਾ ਅਤੇ ਤੱਤ ਬਿਆਨ ਕਰੋ । [6]

(ੳ) ਗਜ਼ਲ

(ਅ) ਨਿੱਕੀ ਕਹਾਣੀ

(ੲ) ਇਕਾਂਗੀ

5) ਕਰੁਣਾ ਰਸ ਜਾਂ ਸ਼ਿੰਗਾਰ ਰਸ ਦਾ ਸਥਾਈ ਭਾਵ ਅਤੇ ਉਦਾਹਰਣ ਲਿਖੋ । [2]

6) (ੳ) ਹੇਠ ਲਿਖੇ ਅਖਾਣਾਂ ਵਿੱਚੋਂ ਕਿਸੇ ਦੋ ਅਖਾਣਾਂ ਦਾ ਅਰਥ ਦੱਸ ਕੇ ਵਾਕ ਬਣਾਉ -[2]

i) ਇੱਕ ਹੱਥ ਨਾਲ ਤਾੜੀ ਨਹੀਂ ਵੱਜਦੀ

ii) ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ

iii) ਹੱਥੀ ਦਿੱਤੀਆਂ ਦੰਦੀਂ ਖੋਲ੍ਹਣੀਆਂ ਪੈਂਦੀਆਂ ਹਨ

iv) ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ

(ਅ) ਹੇਠ ਲਿਖਿਆਂ ਮੁਹਾਵਰਿਆਂ ਵਿੱਚੋਂ ਕੋਈ ਦੋ ਮੁਹਾਵਰੇ ਅਰਥ ਦੱਸ ਕੇ ਵਾਕਾਂ ਵਿੱਚ ਪ੍ਰਯੋਗ ਕਰੋ :- [2]

i) ਸ਼ਰਮ ਨਾਲ ਪਾਣੀ-ਪਾਣੀ ਹੋ ਜਾਣਾ

ii) ਸਬਰ ਦਾ ਘੁੱਟ ਭਰਨਾ

iii) ਹੱਥ ਵਟਾਉਣਾ

iv) ਹੱਥ-ਪੈਰ ਮਾਰਨਾ

(ੲ) ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ :- [3]

ਪੁਨੀਤ ਦੀ ਭੂਆ ਨੇ ਕਿਹਾ ਭਲਾ ਦੋ ਸੋ ਰੁਪਏ ਪਿੱਛੇ ਇੰਨੀ ਕੁਪੱਤ ਕਿਉਂ ਕਰਦੀ ਏਂ ਭੈਣ ਜੀ ਗੱਲ ਦੋ ਸੌ ਰੁਪਏ ਦੀ ਨਹੀਂ ਇਹਦੀਆਂ ਆਦਤਾਂ ਵਿਗੜਣ ਦੀ ਹੈ ਮੈਨੂੰ ਸਹੇ ਦੀ ਨਹੀਂ ਪਹੇ ਦੀ ਪਈ ਏ ਪ੍ਰਨੀਤ ਦੀ ਮਾਂ ਨੇ ਕਿਹਾ

7) ਵਾਕ ਬੋਧ :- [1+1+1+1+1+1=6]

i) ਸੂਰਜ ਚਮਕ ਰਿਹਾ ਹੈ । (ਵਾਕ ਵਿੱਚੋਂ ਉਦੇਸ਼ ਚੁਣੋ)

ii) ਦੀਪਕ ਲਿਖ ਰਿਹਾ ਹੈ । (ਵਾਕ ਵਿੱਚੋਂ ਵਿਧੇਅ ਚੁਣੋ)

iii) ਕੁੱਤਾ ਭੌਂਕਦਾ ਹੈ । (ਵਾਕ ਵਿੱਚੋਂ ਕਿਰਿਆ ਚੁਣੋ)

iv) ਮੁੰਡਾ ਪੜ੍ਹਦਾ ਹੈ । (ਵਾਕ ਵਿੱਚੋਂ ਕਰਤਾ ਚੁਣੋ)

v) ਉਹ ਘਰ ਗਿਆ ਤੇ ਉਸ ਨੇ ਰੋਟੀ ਖਾਧੀ । (ਵਾਕ ਦੀ ਕਿਸਮ ਦੱਸੋ)

vi) ਜੇ ਪੁਲਿਸ ਨਾ ਹੋਏ ਤਾਂ ਮਾੜੇ ਬੰਦੇ ਦਾ ਜਿਉਣਾ ਹਰਾਮ ਹੋ ਜਾਏ ।
(ਵਾਕ ਦੀ ਕਿਸਮ ਦੱਸੋ)

8) ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ ਇੱਕ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਦਿਓ :- [2½ x 4=10]

(ੳ) ਹੋ ! ਅਜੇ ਸੰਭਾਲ ਇਸ 'ਸਮੇਂ' ਨੂੰ

ਕਰ ਸਫਲ ਉਡੰਦਾ ਜਾਂਵਦਾ ।

ਇਹ ਠਹਿਰਣ ਜਾਚ ਨਾ ਜਾਣਦਾ,

ਲੰਘ ਗਿਆ ਨ ਮੁੜ ਕੇ ਆਂਵਦਾ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਬਿਆਨ ਕਰੋ ।

ii) ਉਪਰੋਕਤ ਕਾਵਿ-ਬੰਦ ਦਾ ਭਾਵ ਅਰਥ ਲਿਖੋ ।

iii) ਉਪਰੋਕਤ ਕਾਵਿ-ਬੰਦ ਕੀ ਸੁਨੇਹਾ ਦਿੰਦਾ ਹੈ ?

iv) ਉਪਰੋਕਤ ਕਾਵਿ-ਬੰਦ ਅਨੁਸਾਰ ਸਮੇਂ ਦੀ ਕੀ ਵਿਸ਼ੇਸ਼ਤਾ ਹੈ ?

(ਅ) ਦਸਤਕਾਰ, ਕਿਰਤੀ, ਕਿਰਸਾਣ,

ਸਾਂਝੀ ਰੋਟੀ ਵੰਡ ਕੇ ਖਾਣ ।

ਭੁਖ, ਨੰਗ, ਚਿੰਤਾ, ਬੇਕਾਰੀ,

ਹਟ ਜਾਏ ਪੜਕੇ ਦੀ ਬੀਮਾਰੀ ।

ਘੁਲ ਮਿਲ ਜਾਵਣ ਧਰਮ ਇਮਾਨ,

ਸੱਚ ਮੁੱਚ ਦਾ ਇਨਸਾਨਸਤਾਨ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਬਿਆਨ ਕਰੋ ।

ii) ਉਪਰੋਕਤ ਕਾਵਿ-ਬੰਦ ਦਾ ਭਾਵ ਅਰਥ ਲਿਖੋ ।

iii) ਉਪਰੋਕਤ ਕਾਵਿ-ਬੰਦ ਅਨੁਸਾਰ ਕਵੀ ਕੀ ਕਾਮਨਾ ਕਰਦਾ ਹੈ ?

iv) ਔਖੇ ਸ਼ਬਦਾਂ ਦੇ ਅਰਥ ਦੱਸੋ -

ਦਸਤਕਾਰ, ਕਿਰਤੀ, ਕਿਰਸਾਣ, ਚਿੰਤਾ, ਬੇਕਾਰੀ

9) 'ਮੈ ਪੰਜਾਬੀ' ਕਵਿਤਾ ਦਾ ਸਾਰ ਅਤੇ ਕੇਂਦਰੀ ਭਾਵ ਵੀ ਲਿਖੋ । **[6+4=10]**

**ਜਾਂ**

'ਬਿਰਛ ਨਾਲ ਲੈ ਕੇ ਤੁਰਨਾ ਹੈ' ਕਵਿਤਾ ਦਾ ਵਿਸ਼ਾ-ਵਸਤੂ ਦੱਸੋ ਅਤੇ ਕੇਂਦਰੀ ਭਾਵ ਵੀ ਲਿਖੋ ।

**10) ਹੇਠ ਲਿਖਿਆਂ ਵਿੱਚੋ ਪੰਜ ਪ੍ਰਸ਼ਨਾਂ ਦੇ ਉੱਤਰ ਦਿਉ । [5x1=5]**

(ੳ) ਭੂਆ ਨੇ ਮੈਂ ਪਾਤਰ ਦਾ ਸਵਾਗਤ ਸਿਕ ਤਰ੍ਹਾਂ ਕੀਤਾ ?

(ਅ) 'ਸ਼ਹੀਦ ਦੀ ਮਾਂ' ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ?

(ੲ) ਬਾਰੂ ਦਾ ਘੋੜਾ ਕਿਹੋ ਜਿਹਾ ਸੀ ?

(ਸ) ਕੇਲੂ ਕੁੰਢੇ ਲਈ ਕੀ ਲੈ ਕੇ ਆਇਆ ਸੀ ?

(ਹ) ਮਦਨ ਦੇ ਮੁੰਡੇ ਦੀ ਮੌਤ ਕਿਵੇਂ ਹੁੰਦੀ ਹੈ ?

(ਕ) ਮੇਲੇ ਵਿੱਚ ਬਿੱਕਰ ਦੀ ਮੌਤ ਕਿਵੇਂ ਹੋਈ ਸੀ ?

(ਖ) ਆਤੂ ਨੇ ਆਪਣੇ ਕਸਬ ਦਾ ਧਰਮ ਕਿਵੇਂ ਨਿਭਾਇਆ ਸੀ ?

(ਹ) 'ਗੁੱਡ ਡੀਅਲ' ਕਹਾਣੀ ਦੇ ਕਹਾਣੀਕਾਰ ਦਾ ਨਾਂ ਦੱਸੋ ?

11) 'ਮੈਨੂੰ ਜਾਣਨੈ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । [5]

ਜਾਂ

'ਆਪਣਾ - ਆਪਣਾ ਹਿੱਸਾ' ਕਹਾਣੀ ਦੇ ਪਾਤਰ 'ਘੁੰਦੂ' ਦਾ ਪਾਤਰ ਚਿਤਰਣ ਕਰੋ ।

12) ਹੇਠ ਲਿਖੇ ਸਾਹਿਤ ਰੂਪਾਂ ਵਿੱਚੋਂ ਕਿਸੇ ਇੱਕ ਦਾ ਸੰਖੇਪ ਇਤਿਹਾਸ ਲਿਖੋ :- [7]

(ੳ) ਨਾਟਕ

(ਅ) ਕਵਿਤਾ

(ੲ) ਸਵੈ - ਜੀਵਨੀ

● ● ●

DO NOT WRITE ANYTHING HERE